ਸ਼ੇਰ-ਏ-ਪੰਜਾਬ
Sher-E-Panjab

# 'ਇੱਕ ਬਾਲ ਕਦਮ ਦੁਨੀਆ ਨੂੰ ਚੰਗੇਰੀ ਬਣਾ ਸਕਦੈ!'

## ਨਿੱਕੇ ਫ਼ਿਲਮਸਾਜ਼ ਅੰਗਦ ਦਾ ਵੱਡਾ ਸੰਦੇਸ਼



ਵਾਸ਼ਿੰਗਟਨ ਡੀ. ਸੀ. ਵਿਚ ਅੰਗਦ ਸਿੰਘ ਦਰਸ਼ਕਾਂ ਦੇ ਸਵਾਲਾਂ ਦਾ ਜਵਾਬ ਦਿੰਦਾ ਹੋਇਆ।

ਅੰਗਦ ਨੂੰ ਮਿਲ ਕੇ ਮੈਨੂੰ ਖ਼ੁਸ਼ੀ ਵੀ ਹੋਈ ਤੇ ਦੁੱਖ ਵੀ..

ਖ਼ੁਸ਼ੀ ਇਸ ਗੱਲ ਦੀ ਸੀ ਕਿ 14 ਵਰ੍ਹਿਆਂ ਦੇ ਇਸ ਸਿੱਖ ਬੱਚੇ ਨੇ; 13 ਵਰ੍ਹਿਆਂ ਦੀ ਉਮਰ ਵਿਚ, ਜੋ ਕਰ ਦਿਖਾਇਆ ਹੈ, ਉਹ ਬਹੁਤੇ ਲੋਕ ਜੀਵਨ ਭਰ ਵਿਚ ਵੀ ਨਹੀਂ ਕਰ ਸਕਦੇ।

ਦੁੱਖ ਇਸ ਗੱਲ ਦਾ ਹੋਇਆ ਕਿ ਜਦ ਇਹ ਬੱਚਾ ਜਵਾਨ ਹੋ ਕੇ ਦੁਨੀਆ ਵਿਚ ਵੱਡੀਆਂ-ਵੱਡੀਆਂ ਮੱਲਾਂ ਮਾਰ ਰਿਹਾ ਹੋਵੇਗਾ ਅਤੇ ਦੁਨੀਆ ਵਿਚ ਇੱਕ ਸਿਤਾਰੇ ਵਾਂਗ ਚਮਕ ਰਿਹਾ ਹੋਵੇਗਾ, ਮੈਂ ਇਹ ਸਭ ਦੇਖਣ ਲਈ ਸ਼ਾਇਦ ਇਸ ਜਹਾਨ ਵਿਚ ਨਹੀਂ ਹੋਵਾਂਗਾ.....।

ਵਾਸ਼ਿੰਗਟਨ ਡੀ. ਸੀ. ਦੇ ਕੈਨੇਡੀ ਸੈਂਟਰ ਵਿਚ ਉਸ ਨਾਲ ਚਾਰ ਕਦਮ ਚੱਲ ਕੇ ਮੈਨੂੰ ਲੱਗਾ, ਅੰਗਦ ਦਾ ਕੱਦ ਸੱਚਮੁੱਚ ਮੇਰੇ ਨਾਲੋਂ ਕਿਤੇ ਉੱਚਾ ਹੈ....।

ਇਥੇ ਸਪਿਨਿੰਗ ਵੀਲ ਫ਼ਿਲਮ ਫੈਸਟੀਵਲ ਵਿਚ ਉਸਦੀ ਬਣਾਈ ਫ਼ਿਲਮ 'ਏਕ ਨੂਰ' (ਵਨ ਲਾਈਟ) ਦਿਖਾਈ ਗਈ ਸੀ। ਹਰ ਪਾਸੇ ਉਸਦੀ ਇਸ ਫ਼ਿਲਮ ਦੀ ਪ੍ਰਸ਼ੰਸਾ ਹੋ ਰਹੀ ਸੀ। ਮੈਨੂੰ ਹੈਰਾਨੀ ਹੋ ਰਹੀ ਸੀ, 13 ਵਰ੍ਹਿਆਂ ਦੀ ਉਮਰ ਵਿਚ ਬੱਚਾ ਅਜਿਹੀ ਸੋਚ ਕਿਵੇਂ ਰੱਖ ਸਕਦਾ ਹੈ?

ਭਗਤ ਕਬੀਰ ਜੀ ਨੇ ਕਿਹਾ ਸੀ—

***ਏਕ ਨੂਰ ਤੇ ਸਭ ਜਗ ਉਪਜਿਆ,***
***ਕਉਣ ਭਲੇ ਕੋ ਮੰਦੇ॥***

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ—

***ਸਭੇ ਸਾਂਝੀਵਾਲ ਸਦਾਇਣ,***
***ਕੋਇ ਨਾ ਦਿਸੇ ਬਾਹਰਾ ਜੀਓ॥***

.. ਤੇ ਤੇਰ੍ਹਾਂ ਵਰ੍ਹਿਆਂ ਦਾ ਅੰਗਦ ਆਪਣੀ ਫ਼ਿਲਮ ਰਾਹੀਂ ਦਰਸਾ ਰਿਹਾ ਹੈ ਕਿ ਪੂਰੀ ਲੋਕਾਈ ਏਕ ਨੂਰ ਤੋਂ ਹੀ ਉਪਜੀ ਹੈ। ਇਸ ਸੱਚਾਈ ਨੂੰ ਜਾਨਣ ਲਈ ਸਭ ਨੂੰ ਇੱਕ ਨਿੱਕਾ ਜਿਹਾ ਬਾਲ ਕਦਮ ਵਧਾਉਣ ਦੀ ਲੋੜ ਹੈ। ਜੇ ਦੁਨੀਆ ਦਾ ਹਰ ਇਨਸਾਨ ਇੱਕ-ਦੂਸਰੇ ਵੱਲ ਬਸ ਇਹ ਨਿੱਕਾ ਜਿਹਾ ਕਦਮ ਵਧਾ ਲਵੇ ਤਾਂ ਇਹ ਦੁਨੀਆ ਇੱਕ ਪਰਿਵਾਰ ਬਣ ਜਾਵੇਗੀ। ਇਸ ਸੰਸਾਰ ਦੀਆਂ ਭੁੱਖ ਮਰੀ, ਗਲੋਬਲ ਵਾਰਮਿੰਗ, ਵੈਰ-ਵਿਰੋਧ ਜਿਹੀਆਂ ਵਿਕਰਾਲ ਸਮੱਸਿਆਵਾਂ ਆਸਾਨੀ ਨਾਲ ਦੂਰ ਹੋ ਸਕਦੀਆਂ ਹਨ।

ਆਪਣੀ ਫ਼ਿਲਮ ਵਿਚ ਅੰਗਦ ਖ਼ੁਦ ਇਹ ਨਿੱਕਾ ਜਿਹਾ ਕਦਮ ਵਧਾਉਂਦਾ ਹੈ.....। ਉਹ ਆਪਣੇ ਵੱਖ-ਵੱਖ ਧਰਮਾਂ ਤੇ ਮੂਲ ਦੇ ਗਵਾਂਢੀਆਂ ਨੂੰ ਇੱਕ ਖ਼ਤ ਰਾਹੀਂ ਆਪਣੇ ਸਿੱਖ ਧਰਮ ਬਾਰੇ ਮੂਲ ਜਾਣਕਾਰੀ ਲਿਖ ਕੇ ਭੇਜਦਾ ਹੈ ਅਤੇ ਉਹਨਾਂ ਨਾਲ ਫਿਰ ਸੰਵਾਦ ਰਚਾਉਂਦਾ ਹੈ। ਉਸਦੇ ਇਸ ਨਿੱਕੇ ਜਿਹੇ ਬਾਲ ਕਦਮ ਨਾਲ ਸਾਕਾਰ ਹੋ ਜਾਂਦਾ ਹੈ ਕਿ ਸਭ ਧਰਮ ਮੂਲ ਰੂਪ ਵਿਚ ਸਮਾਨ ਹਨ।




ਨਿੱਕੀ ਉਮਰ ਵੱਡੇ ਸੁਪਨੇ—ਅੰਗਦ ਸਿੰਘ ਜੇ. ਐੱਫ. ਕੈਨੇਡੀ ਦੀ ਤਸਵੀਰ ਵੱਲ ਦੇਖਦਾ ਹੋਇਆ।

ਸਭ ਧਰਮਾਂ ਵਿਚ ਇਕੋ ਜਿਹੀਆਂ ਹੀ ਗੱਲਾਂ ਮੁੱਖ ਤੌਰ 'ਤੇ ਪ੍ਰਚਾਰੀਆਂ ਗਈਆਂ ਹਨ, ਪਰ ਦੁਨੀਆ ਇਹਨਾਂ ਸਮਾਨਤਾਵਾਂ ਤੋਂ ਬੇਮੁੱਖ ਹੋਈ, ਅਸਮਾਨਤਾਵਾਂ ਦੇ ਭਰਮ-ਭੁਲੇਖੇ ਵਿਚ ਪਈ ਹੋਈ ਹੈ।

ਮੇਰੇ ਵਾਂਗ, ਉਸਦੀ ਇਹ ਫ਼ਿਲਮ ਦੇਖ ਕੇ, ਹਰ ਕੋਈ ਸੋਚ ਸਕਦਾ ਹੈ ਕਿ 13 ਵਰ੍ਹਿਆਂ ਦੇ ਅੰਗਦ ਪਿੱਛੇ ਜ਼ਰੂਰ ਕਿਸੇ ਹੋਰ ਦਾ ਦਿਮਾਗ਼ ਕੰਮ ਕਰਦਾ ਹੋਵੇਗਾ, ਪਰ ਜਦ ਫ਼ਿਲਮ ਦੇ ਪ੍ਰਦਰਸ਼ਨ ਤੋਂ ਬਾਅਦ, ਉਸ ਨਾਲ ਦਰਸ਼ਕਾਂ ਨੇ ਸਵਾਲ ਜਵਾਬ ਕੀਤੇ, ਤੱਦ ਅੰਗਦ ਨੇ ਸਭ ਭੁਲੇਖੇ ਦੂਰ ਕਰ ਦਿੱਤੇ। ਅੰਗਦ ਹੁਣ ਚੌਦਾਂ ਵਰ੍ਹਿਆਂ ਦਾ ਹੋ ਗਿਆ ਹੈ। ਪਰ ਉਸਦਾ ਬੌਧਿਕ ਪੱਧਰ ਆਪਣੀ ਉਮਰ ਨਾਲੋਂ ਕਿਤੇ ਵਧੇਰੇ ਹੈ। ਉਹ ਅਜਿਹਾ ਇਕਲੋਤਰਾ ਬੱਚਾ ਹੈ, ਜਿਸ ਤੋਂ ਵਡੇਰੀਆਂ ਪ੍ਰਾਪਤੀਆਂ ਦੀ ਸਹਿਜੇ ਹੀ ਆਸ ਕੀਤੀ ਜਾ ਸਕਦੀ ਹੈ।

ਕ੍ਰਿਸਚੀਅਨ ਸਾਇੰਸ ਮਾਨੀਟਰ ਅਖ਼ਬਾਰ ਨੇ ਉਸ ਨੂੰ 'ਕਲ ਦਾ ਸਪੀਲਬਰਗ' ਆਖਿਆ ਹੈ। ਸਟੀਵਨ ਸਪੀਲਬਰਗ ਇਤਿਹਾਸ ਦੀ ਸਭ ਤੋਂ ਵੱਧ ਪ੍ਰਭਾਵਸ਼ਾਲੀ ਫ਼ਿਲਮੀ ਹਸਤੀ ਹੈ, ਜਿਸ ਨੇ ਜਾਅਜ਼, ਰੇਡਰਜ਼ ਆਫ਼ ਦੀ ਲੌਸਟ ਆਰਕ, ਐਕਸਟਰਾ ਟੈਰੀਸਟਰੀਅਨ (ਈ. ਟੀ.) ਜਿਹੀਆਂ ਅਨੇਕਾਂ ਸੰਸਾਰ ਪ੍ਰਸਿੱਧ ਫ਼ਿਲਮਾਂ ਬਣਾਈਆਂ ਤੇ ਨਿਰਦੇਸ਼ਿਤ ਕੀਤੀਆਂ ਹਨ ਅਤੇ ਤਿੰਨ ਵਾਰ ਆਸਕਰ ਅਤੇ 109 ਹੋਰ ਪੁਰਸਕਾਰ ਜਿੱਤੇ ਹਨ ਅਤੇ ਜਿਸ ਦੀ 75 ਵਾਰ ਨਾਮੀਨੇਸ਼ਨ ਹੋਈ ਹੈ।

ਭਵਿੱਖ ਦਾ ਸਪੀਲਬਰਗ, ਸਿੱਖ ਬੱਚਾ ਅੰਗਦ, ਸੱਚਮੁੱਚ ਗੁਰੂ ਨਾਨਕ ਦਾ ਅੰਗਦ ਹੋਣ ਦਾ ਦਮ ਭਰਦਾ ਹੈ। ਅੱਜ ਕੱਲ੍ਹ ਉਹ ਸੀ.

**-ਬਲਦੇਵ ਸਿੰਘ ਗਰੇਵਾਲ**

ਐੱਨ. ਐੱਨ. ਚੈਨਲ ਦੇ ਸਿਨਮਾਟੋਗ੍ਰਾਫਰ ਨਾਲ ਮਿਲ ਕੇ ਇੱਕ ਹੋਰ ਯੂਥ ਰੀਟ੍ਰੀਟ ਬਾਰੇ ਫ਼ਿਲਮ ਬਣਾ ਰਿਹਾ ਹੈ।

'ਏਕ ਨੂਰ' 'ਸਿੱਖ ਨੈੱਟ ਡਾਟ ਕਾਮ' ਦੇ ਫ਼ਿਲਮ ਫੈਸਟੀਵਲ ਵਿਚ ਪੁਰਸਕਾਰ ਹਾਸਲ ਕਰ ਚੁੱਕੀ ਹੈ ਅਤੇ ਸਿੱਖ ਫ਼ਿਲਮ ਫੈਸਟੀਵਲ (ਸਪਿਨਿੰਗ ਵੀਲ) ਵਿਚ ਬੇਹੱਦ ਸਲਾਹੀ ਗਈ ਹੈ।

ਅੰਗਦ ਦੇ ਵਿਚਾਰ ਅੰਗਦ ਦੀਆਂ ਫ਼ਿਲਮਾਂ ਨਾਲੋਂ ਵੀ ਵੱਧ ਪ੍ਰੇਰਣਾਦਾਇਕ ਹਨ। ਉਹ ਸਭ ਨੂੰ ਇੱਕ 'ਬਾਲ ਕਦਮ' ਪੁੱਟਣ ਦੀ ਪ੍ਰੇਰਣਾ ਦਿੰਦਾ ਹੈ। ਉਸਦਾ ਕਹਿਣਾ ਹੈ ਕਿ ਹਰ ਇੱਕ ਨੂੰ ਆਪਣੇ ਆਲੇ-ਦੁਆਲੇ ਵੱਲ ਇੱਕ ਨਿੱਕਾ ਜਿਹਾ ਕਦਮ ਪੁੱਟਣਾ ਚਾਹੀਦਾ ਹੈ। ਗਵਾਂਢੀਆਂ ਵੱਲ, ਆਪਣੇ ਤੋਂ ਛੋਟਿਆਂ ਵੱਲ ਪੁੱਟਿਆ ਇੱਕ ਕਦਮ ਦੁਨੀਆ ਵਿਚ ਪਿਆਰ ਹੀ ਪਿਆਰ ਪੈਦਾ ਕਰ ਸਕਦਾ ਹੈ। ਦੁਨੀਆ ਦੇ ਦੁੱਖ-ਦਰਦ ਹਰ ਸਕਦਾ ਹੈ। ਇਸ ਦੁਨੀਆਂ ਨੂੰ ਚੰਗੇਰੀ ਬਣਾ ਸਕਦਾ ਹੈ।

ਮਾਰਚ ਵਿਚ ਉਸ ਨੂੰ ਕੈਲੇਫੋਰਨੀਆ ਦੇ ਇੱਕ ਸਕੂਲ ਵੱਲੋਂ ਲਗਾਏ ਕੈਂਪ ਵਿਚ ਬੁਲਾਇਆ ਗਿਆ। ਉੱਥੇ ਵੀ ਉਸ ਨੇ ਇਸ ਬਾਲ ਕਦਮ ਦੀ ਹੀ ਗੱਲ ਕੀਤੀ। ਹਾਈ ਸਕੂਲ ਦੇ ਬੱਚਿਆਂ ਨੂੰ ਉਸਦਾ ਕਹਿਣਾ ਸੀ, ਆਪਣੇ ਤੋਂ ਛੋਟੀਆਂ ਕਲਾਸਾਂ ਦੇ ਬੱਚਿਆਂ ਵੱਲ ਇੱਕ ਬਾਲ ਕਦਮ ਵਧਾਉ। ਉਹਨਾਂ ਨੂੰ ਹਾਈ ਸਕੂਲ ਦੀ ਵਿਦਿਆ ਬਾਰੇ ਜਾਣਕਾਰੀ ਦਿਉ। ਹਾਈ ਸਕੂਲ ਲਈ ਉਹਨਾਂ ਨੂੰ ਤਿਆਰ ਕਰੋ। ਉਹ ਬੱਚਿਆਂ ਨੂੰ ਦੱਸ ਰਿਹਾ ਸੀ ਕਿ ਮਾਂ-ਬਾਪ ਦੇ ਰੋਲ ਬਾਰੇ ਉਹਨਾਂ ਨੂੰ ਦਸਤਾਵੇਜ਼ੀ ਫ਼ਿਲਮਾਂ ਬਣਾਉਣੀਆਂ ਚਾਹੀਦੀਆਂ ਹਨ। ਮਾਂ-ਬਾਪ ਬਣਨਾ ਕਿੰਨਾ ਜ਼ਿੰਮੇਵਾਰੀਆਂ 'ਤੇ ਜ਼ੋਖ਼ਮ ਭਰਿਆ ਕਾਰਜ ਹੈ। ਜੇ ਅੱਲੜ੍ਹ ਉਮਰ ਦੇ ਵਿਦਿਆਰਥੀਆਂ ਨੂੰ ਇਹ ਭੇਦ ਪਤਾ ਲੱਗ ਜਾਵੇਗਾ ਤਾਂ ਟੀਨ ਪ੍ਰੈਗਨੈਂਸੀਆਂ ਰੁਕ ਸਕਦੀਆਂ ਹਨ।



ਅੰਗਦ ਸਿੰਘ ਨੂੰ ਕੈਲੇਫੋਰਨੀਆਂ ਵਿਚ ਪ੍ਰਿੰ. ਸਾਵਨ ਸਿੰਘ ਪੁਰਸਕਾਰ ਦੇ ਰਹੇ ਹਨ।

.....ਤੇ ਇਹ ਸਿਆਣੀਆਂ ਗੱਲਾਂ ਕਰਨ ਵਾਲਾ ਅੰਗਦ ਅਜੇ ਸਿਰਫ਼ ਨੌਵੇਂ ਗਰੇਡ ਵਿਚ ਪੜ੍ਹ ਰਿਹਾ ਹੈ। ਪੂਰੀ ਸਿੱਖ ਕੌਮ ਦਾ ਇਹ ਲਾਡਲਾ ਬੱਚਾ ਅਲਬਰਟਾ, ਜਾਰਜੀਆ ਵਿਚ ਆਪਣੀ ਮਾਂ ਗੁਰਮੀਤ ਭਾਟੀਆ ਨਾਲ ਰਹਿ ਰਿਹਾ ਹੈ। ਜਦ ਮੈਂ ਉਸ ਨੂੰ ਉਸਦੇ ਪਿਤਾ ਜੀ ਬਾਰੇ ਪੁੱਛਿਆ ਤਾਂ ਉਹ ਕੁਝ ਦੇਰ ਚੁੱਪ ਰਿਹਾ, ਫਿਰ ਬੋਲਿਆ—"ਮੈਂ ਉਹਨਾਂ ਨੂੰ ਮਿਲਿਆ ਨਹੀਂ। ਉਹ ਸਾਡੇ ਨਾਲ ਨਹੀਂ ਰਹਿੰਦੇ.....।"

ਮੈਨੂੰ ਝਟਕਾ ਜਿਹਾ ਲੱਗਾ, ਇਤਨੇ ਪਿਆਰੇ ਬੱਚੇ ਤੋਂ ਕੋਈ ਵੱਖ ਕਿਵੇਂ ਹੋ ਸਕਦਾ ਹੈ.... ਮੈਂ ਇਸ ਬਾਰੇ ਕੋਈ ਹੋਰ ਗੱਲ ਅੰਗਦ ਨਾਲ ਕਰਨੀ ਠੀਕ ਨਾ ਸਮਝੀ।

ਫ਼ਿਲਮਾਂ ਬਣਾਉਣ ਵੱਲ ਉਹ ਕਿਵੇਂ ਪ੍ਰੇਰਿਆ ਗਿਆ? ਅੰਗਦ ਦਾ ਜਵਾਬ ਹੈ, ਫ਼ਿਲਮ ਸਭ ਤੋਂ ਵੱਧ ਪ੍ਰਭਾਵਸ਼ਾਲੀ ਮਾਧਿਅਮ ਹੈ। ਇਸ ਦਾ ਮੁਕਾਬਲਾ ਕੋਈ ਵੀ ਹੋਰ ਮਾਧਿਅਮ ਨਹੀਂ ਕਰ ਸਕਦਾ। ਤੁਸੀਂ ਕਹਾਣੀ ਲਿਖ ਕੇ ਉਹ ਪ੍ਰਭਾਵ ਪੈਦਾ ਨਹੀਂ ਕਰ ਸਕਦੇ, ਜੋ ਫ਼ਿਲਮ ਨਾਲ ਪੈਦਾ ਕੀਤਾ ਜਾ ਸਕਦਾ ਹੈ।

ਅੰਗਦ ਤੋਂ ਭਵਿੱਖ ਵਿਚ ਚੋਟੀ ਦਾ ਫ਼ਿਲਮ ਨਿਰਦੇਸ਼ਕ ਬਣਨ ਦੀ ਆਸ ਕੀਤੀ ਜਾ ਸਕਦੀ ਹੈ, ਪਰ ਅੰਗਦ ਖ਼ੁਦ ਇਸ ਬਾਰੇ ਅਜੇ ਕੋਈ ਨਿਰਣਾ ਨਹੀਂ ਕਰ ਸਕਿਆ। ਅਜੇ ਉਹ ਆਪਣੀ ਪੜ੍ਹਾਈ ਵੱਲ ਹੀ ਪੂਰਾ ਧਿਆਨ ਦੇਣਾ ਚਾਹੁੰਦਾ ਹੈ। ਸਮਰ ਦੀਆਂ ਛੁੱਟੀਆਂ ਵਿਚ ਉਹ ਜ਼ਰੂਰ ਫ਼ਿਲਮਾਂ ਵੱਲ ਰੁਚਿਤ ਹੁੰਦਾ ਹੈ।

ਭਵਿੱਖ ਵਿਚ ਉਹ ਇੰਟਰਨੈਸ਼ਨਲ ਰਿਲੇਸ਼ਨਜ਼ ਦੇ ਫੀਲਡ ਵਿਚ ਕੁਝ ਸਾਰਥਕ ਕਰਨ ਦੇ ਸੁਪਨੇ ਦੇਖਦਾ ਹੈ। ਇਸਦੇ ਲਈ ਉਹ ਫ਼ਿਲਮਾਂ ਦਾ ਮਾਧਿਅਮ ਚੁਣਦਾ ਹੈ ਜਾਂ ਕਿਸੇ ਵਿਭਾਗ ਵਿਚ ਸੇਵਾ ਕਰਦਾ ਹੈ, ਇਸ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ, ਪਰ ਇਹ ਜਰੂਰ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਇੱਕ ਦਿਨ ਦੁਨੀਆ ਦੇ ਆਕਾਸ਼ 'ਤੇ ਅੰਗਦ ਨੇ ਵੀ ਸਿਤਾਰਾ ਬਣ ਝਿਲਮਿਲ ਕਰਨਾ ਹੈ.....।



ਅੰਗਦ ਸਿੰਘ ਆਪਣੀ ਮਾਤਾ ਗੁਰਮੀਤ ਭਾਟੀਆ ਨਾਲ